# ਕਨੈਕਟ2 ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

**(Frequently asked questions about Connect2.)**

## ਸਕੀਮ ਦਾ ਨਿਚੋੜ:

**ਕਨੈਕਟ**2 (Connect2), ਉਨ੍ਹਾਂ 6 ਪ੍ਰੋਜੈਕਟਾਂ ਵਿਚੋਂ ਇਕ ਹੈ ਜੋ ਦਿਸੰਬਰ ਵਿਚ ਹੋਣ ਵਾਲੇ ਇਕ ITV ਸ਼ੋ ਦੁਆਰਾ ਬਿਗ ਲੌਟਰੀ ਫ਼ੰਡ (Big Lottery Fund) ਵਿਚੋਂ £50 ਮਿਲਿਅਨ ਲਈ ਮੁਕਾਬਲਾ ਕਰੇਗਾ। ਬਾਕੀ ਸਾਰੇ ਪ੍ਰੋਜੈਕਟ ਕੇਵਲ ਇਕ ਥਾਂ ਲਈ ਪੈਸੇ ਖਰਚਣ ਦਾ ਪ੍ਰਸਤਾਵ ਰਖਦੇ ਹਨ ਜਦ ਕਿ ਕਨੈਕਟ2 ਸਾਰੇ ਮੁਲਕ ਵਿਚ 79 ਵੱਖ ਵੱਖ ਸਕੀਮਾਂ ਤੇ ਪੈਸਾ ਕਰਚ ਕਰੇਗਾ।

ਇਨ੍ਹਾਂ ਵਿਚੋਂ ਇਕ ਵਾਟਰਮੀਡ ਕੰਟ੍ਰੀ ਪਾਰਕ (Watermead Country Park) ਸਕੀਮ ਹੈ, ਜੋ ਇਸ £50 ਮਿਲਿਅਨ ਵਿਚੋਂ ਲਗਭਗ £700,000 ਦਾ ਹਿੱਸਾ ਹਾਸਲ ਕਰੇਗੀ। ਅਗੇਰੀ ਫ਼ੰਡਿੰਗ ਸਥਾਨਿਕ ਸੰਸਥਾਵਾਂ ਜਿਨ੍ਹਾਂ ਵਿਚ ਲੈਸਟਰਸ਼ਾਇਰ ਕਾਊਂਟੀ ਕਾਉਂਸਲ ਸ਼ਾਮਲ ਹੈ, ਦੇਣਗੀਆਂ, ਜਿਸ ਨਾਲ ਪ੍ਰੋਜੈਕਟ ਦੀ ਕੁੱਲ ਕੀਮਤ ਇਕ ਮਿਲੀਅਨ ਤੋਂ ਉਪੱਰ ਹੋ ਜਾਵੇਗੀ।

ਸਕੀਮ, ਸਸਟਰਾਂਸ (Sustrans) ਵਲੋਂ ਚਲਾਈ ਗਈ ਹੈ, ਜੋ (ਨੈਸ਼ਨਲ ਸਾਈਕਲਿੰਗ ਚੈਰਿਟੀ–ਜੋ ਨੈਸ਼ਨਲ ਸਾਈਕਲ ਨੈਟਵਰਕ ਲਈ ਜ਼ੁੰਮੇਵਾਰ ਹੈ) ਅਤੇ ਇਹ ਸਕੀਮ ਸਿਟੀ ਅਤੇ ਕਾਉਂਟੀ ਕਾਊਂਸਲਾਂ, ਚਾਰਨਵੁੱਡ ਬਰੋ ਕਾਉਂਸਲ, ਲੋਕਲ ਪੈਰਿਸ਼ ਕਾਉਂਸਲਾਂ ਅਤੇ ਲੋਕਲ ਗ੍ਰੁਪ, ਜਿਵੇਂ ਕਿ ਰੈਂਬਲਰਸ ਐਸੋਸਿਏਸ਼ਨ ਅਤੇ ਮੋਜ਼ੇਕ (Mosaic), ਜੋ ਅਯੋਗਤਾ ਵਾਲੇ ਲੋਕਾਂ ਲਈ ਸੇਵਾਵਾਂ ਤਰਤੀਬ ਕਰਦੇ ਹਨ, ਇਨ੍ਹਾਂ ਸਾਰਿਆਂ ਨੂੰ ਇਕੱਠਾ ਕਰਦੀ ਹੈ।

## ਪ੍ਰਸ਼ਨ: ਸਕੀਮ ਲਈ ਕਿੰਨੀ ਕੁ ਸਹਾਇਤਾ/ਸਮਰਥਨ ਹੈ?

ਹੁਣ ਤੱਕ ਸਾਡੇ ਕੋਲ ਸਸਟਰਾਂਸ (Sustrans) ਵੈਬਸਾਇਟ ਰਾਹੀਂ ਮਦਦ ਲਈ 300 ਤੋਂ ਵੱਧ ਲੋਕਾਂ/ਸੰਸਥਾਵਾਂ ਦੇ ਵਾਇਦੇ ਆਏ ਹਨ, ਜਿਸ ਕਰਕੇ ਅਸੀਂ ਮੁਲਕ ਭਰ ਵਿਚਦੇ 79 ਪ੍ਰੋਜੈਕਟਾਂ ਵਿਚੋਂ ਸਿਖਰ ਦੇ 10 ਵਿਚ ਆ ਜਾਂਦੇ ਹਾਂ। ਇਹ ਆਂਕੜਾ ਲੈਸਟਰ ਮਰਕਰੀ ਦੇ ਸਹਾਇਕ ਬੇਨਤੀ ਪਤੱਰ (Petition) ਦੇ ਨਾਲ ਜੋੜ ਕੇ ਹੈ, ਜਿਸ ਵਿਚ ਪਹਿਲਾਂ ਤੋਂ ਹੀ ਸੈਂਕੜੇ ਲੋਕਾਂ ਨੇ ਦਸਤਖਤ ਕੀਤੇ ਹੋਏ ਹਨ।

## ਪ੍ਰਸ਼ਨ: ਇਸ ਸਕੀਮ ਦੇ ਇਕ ਹਿੱਸੇ ਵਜੋਂ ਕੀ ਕੁਝ ਕੀਤਾ ਜਾਵੇਗਾ?

ਪਾਰਕ ਵਿਚ ਕਈ ਰਸਤੇ ਹਨ, ਪਰ ਇਸ ਵੇਲੇ ਇਨ੍ਹਾਂ ਵਿਚੋਂ ਕਈ ਵਰਤਣੇ ਔਖੇ ਹਨ। ਕਈ ਰਸਤੇ ਅਤੇ ਪੁਲ ਕਮਿਊਨਿਟੀ ਦੇ ਸਾਰੇ ਸੈਕਟਰਾਂ ਲਈ ਪਹੁੰਚਯੋਗ ਨਹੀਂ ਹਨ ਜਿਵੇਂ ਥਰਮਸਨ (Thurmaston) ਅਤੇ ਬਰਸਟਲ (Birstall) ਨਹਿਰਾਂ/ਲੌਕਸ ਦੇ ਬੰਧ।

ਥਰਮਸਨ ਦਾ ਪੁਲ ਹਦੋਂ ਵੱਧ ਢਲਾਨ ਵਾਲਾ ਹੈ, ਅਤੇ ਵ੍ਹੀਲ ਚੇਅਰ ਵਰਤਣ ਵਾਲੇ ਲਈ ਜਾਂ ਛੋਟੇ ਬੱਚਿਆਂ ਵਾਲੇ ਵਿਅਕਤੀ ਲਈ ਪਾਰ ਕਰਨਾ ਔਖਾ ਹੈ। ਇੱਥੇ ਤੱਕ ਕਿ ਜਿਸਨੂੰ ਤੁਰਨ ਫ਼ਿਰਨ ਦੀ ਕੋਈ ਤਕਲੀਫ਼ ਨਹੀਂ, ਉਸ ਲਈ ਵੀ ਇਸਤੇ ਤੁਰਨਾ ਔਖਾ ਹੈ, ਖਾਸ ਕਰ ਬਰਫ਼ੀਲੇ ਮੌਸਮ ਵਿਚ । ਇਹ ਵੀ ਯੋਜਨਾ ਹੈ ਕਿ ਇਸਦੀ ਢਲਾਨ ਨੂੰ ਘੱਟ ਕੀਤਾ ਜਾਵੇਗਾ ਤਾਂ ਕਿ ਇਸਨੂੰ ਪਾਰ ਕਰਨਾ ਸੁਖਾਲਾ ਹੋ ਜਾਵੇ।

ਪਾਰਕ ਨੂੰ ਵਰਤਣ ਵਾਲਿਆਂ ਦੀ ਤੁਰਨ ਫ਼ਿਰਨ ਵਿਚ ਸੌਖ ਲਈ ਪਾਰਕ ਵਿਚਲੇ ਕੁਝ ਰਸਤਿਆਂ ਦੀ ਉਪੱਰਲੀ ਤਹਿ/ਸਰਫ਼ੇਸ ਨੂੰ ਠੋਸ/ਹਾਰਡ ਕੀਤਾ ਜਾਵੇਗਾ।

**ਪ੍ਰਸ਼ਨ: ਕੀ ਤੁਸੀਂ ਕਈ ਰਸਤਿਆਂ ਤੇ ਟਾਰਮੈਕ ਕਰੋਗੇ?**

ਉਤੱਰ: ਅਸੀਂ ਕਈ ਰਸਤਿਆਂ ਦੀ ਉਪੱਰਲੀ ਸਤਹਿ ਨੂੰ ਟਾਰਮੈਕ ਕਰਨ ਦਾ ਪ੍ਰਸਤਾਵ ਰਖਦੇ ਹਾਂ ਤਾਂ ਜੋ ਵਧੇਰੇ ਲੋਕ ਉਨ੍ਹਾਂ ਨੂੰ ਵਰਤਣ। ਫ਼ਿਰ ਵੀ ਜਿਆਦਾਤਰ ਰਸਤੇ ਜਿਨ੍ਹਾਂ ਦੇ ਸਰਫ਼ੇਸ ਨੂੰ ਠੋਸ ਕਰਨਾ ਹੈ, ਉਹ ਇਸ ਵੇਲੇ ਵੱਟਿਆਂ/ਕੰਕੜਾਂ (Gravel) ਵਾਲੇ ਰਸਤੇ ਹਨ, ਜੋ ਨਾ ਕੇਵਲ ਤੁਰਨ ਫ਼ਿਰਨ ਦੀ ਤਕਲੀਫ਼ ਵਾਲੇ ਲੋਕਾਂ ਲਈ ਵਰਤਣੇ ਔਖੇ ਹਨ ਬਲਕਿ ਇਨ੍ਹਾਂ ਦਾ ਰਖਰਖਾਵ ਵੀ ਮਹਿੰਗਾ ਹੈ, ਅਤੇ ਇਹ ਵਾਤਾਵਰਣ ਲਈ ਸਹੀ ਨਹੀਂ ਹਨ ਕਿਉਂਕਿ ਇਨ੍ਹਾਂ ਤੇ ਛੇਤੀ ਛੇਤੀ ਵੱਟੇ ਪਾਉਣੇ ਪੈਂਦੇ ਹਨ।

ਕੁਝ 'ਨਵੇ' ਰਸਤੇ ਵੀ ਬਣਾਏ ਜਾ ਰਹੇ ਹਨ, ਇਹ ਇਸ ਵੇਲੇ ਦੇ ਘਾਹ ਵਾਲੇ ਕੱਚੇ ਰਸਤਿਆਂ ਤੇ ਹਨ, ਜੋ ਪਾਰਕ ਵਿਚ ਆਉਣ ਵਾਲੇ ਲੋਕਾਂ ਦੀ ਭਾਰੀ ਆਵਾ–ਜਾਈ ਕਰਕੇ ਖਰਾਬ ਹੋ ਜਾਂਦੇ ਹਨ। ਜਿਹੜੇ ਟਾਰਮੈਕ ਦੇ ਰਸਤੇ ਪਹਿਲਾਂ ਤੋਂ ਹੀ ਹਨ, ਉਨ੍ਹਾਂ ਬਾਰੇ ਪਹਿਲਾਂ ਹੀ ਕਈ ਸ਼ਿਕਾਇਤਾਂ ਆਈਆਂ ਹਨ ਅਤੇ ਉਹ ਜਲਦੀ ਪਾਰਕ ਦੇ ਮੈਦਾਨ ਵਿਚ ਜਾ ਰਲੇ ਹਨ।

**ਪ੍ਰਸ਼ਨ: ਕੀ ਨਵੇਂ ਰਸਤੇ ਮੋਟਰਸਾਈਕਲ ਅਤੇ ਸਕੂਟਰ ਚਾਲਕਾਂ ਨੂੰ ਪਾਰਕ ਦੀ ਵਰਤੋਂ ਇਕ ਰੇਸ ਟ੍ਰੈਕ ਵਾਂਗ ਕਰਨ ਲਈ ਨਹੀਂ ਉਕਸਾਉਣਗੇ?**

ਉਤੱਰ: ਸਾਨੂੰ ਆਸ ਨਹੀਂ ਕਿ ਪਾਰਕ ਵਿਚ ਅਤਿਰਿਕਤ ਜ਼ੋਨ/ਰਸਤੇ ਵਰਤਮਾਨ ਸਥਿਤੀ ਨੂੰ ਬਦਲਣਗੇ। ਕਨੈਕਟ2 ਦੇ ਹਿੱਸੇ ਵਜੋਂ, ਜੇਕਰ ਸਾਨੂੰ ਪੈਸੇ ਮਿਲੇ ਤਾਂ ਅਸੀਂ ਇਸ ਮਸਲੇ ਨੂੰ ਸੋਧਣ ਲਈ ਕਈ ਹੋਰ ਤਰੀਕੇ ਦੇਖਾਂਗੇ। ਇਹ ਯਕੀਨੀ ਕਰਨ ਲਈ ਕਿ ਅਸੀਂ ਸਹੀ ਸਮਾਧਾਨ/ਬੈਲੇਂਸ ਦੇ ਰਹੇ ਹਾਂ, ਅਸੀਂ ਹਮੇਸ਼ਾ ਇਸਤੇ ਵੀ ਧਿਆਨ ਦੇ ਰਹੇ ਹਾਂ ਕਿ ਦੂਜੇ ਖੇਤਰਾਂ ਵਿਚ ਇਸਨੂੰ ਕਿਵੇਂ ਹਾਸਲ ਕੀਤਾ ਗਿਆ ਹੈ। ਕਈ ਪ੍ਰਕਾਰ ਦੇ ਮੋਟਰ ਸਾਈਕਲ ਵਿਰੋਧੀ ਬੈਰੀਅਰ (ਰੁਕਾਵਟਾਂ) ਉਪਲਬਧ ਹਨ, ਹੋਰ ਥਾਵਾਂ ਦੇ ਅਨੁਭਵ ਪਤਾ ਲਗਦਾ ਹੈ ਕਿ ਜੇਕਰ ਸਹੀ ਲੋਕ ਰਸਤਿਆਂ ਨੂੰ ਜਿਆਦਾ ਵਰਤਣਗੇ ਤਾਂ ਮੋਟਰ ਸਾਈਕਲ ਚਾਲਕ ਇਹ ਰਸਤੇ ਵਰਤਣ ਤੋਂ ਡਰਨਗੇ।

**ਪ੍ਰਸ਼ਨ: ਕੀ ਤੁਸੀਂ ਪਾਰਕ ਵਿਚ ਸਟ੍ਰੀਟ ਲਾਈਟਾਂ ਲਗਾਉਂਗੇ?**

ਉਤੱਰ: ਅਸੀਂ ਅਜੇ ਪ੍ਰੋਜੈਕਟ ਵਿਚ ਸਟ੍ਰੀਟ ਲਾਈਟਾਂ ਲਈ ਕੋਈ ਪ੍ਰਸਤਾਵ ਨਹੀਂ ਰੱਖਿਆ ਹੈ। ਫ਼ਿਰ ਵੀ ਜੇਕਰ ਸਟ੍ਰੀਟ ਲਾਈਟਾਂ ਇਸ ਪਲੈਨ ਦਾ ਹਿੱਸਾ ਬਣੀਆਂ ਤਾਂ ਜੰਗਲੀ ਜੀਵਨ ਵਿਚ ਖਲਲ ਨਾ ਪਾਉਣ ਲਈ ਇਨ੍ਹਾਂ ਨੂੰ ਘੱਟ ਤੋਂ ਘੱਟ ਰੱਖਿਆ ਜਾਵੇਗਾ। ਨਿਜੀ ਸੁਰੱਖਿਆ ਦੇ ਮਕਸਦ ਲਈ ਪਾਰਕ ਵਿਚਲੇ ਇਕਹਿਰੇ ਰਸਤੇ ਤੇ ਲਾਈਟਾਂ ਦੀ ਲੋੜ ਹੋਵੇਗੀ, ਜੋ ਥਰਮਸਨ ਅਤੇ ਬਰਸਟਲ ਦੇ ਵਿਚਾਲੇ ਹੈ। ਇਹ ਘਰਾਂ ਦੇ ਨੇੜੇ ਨਹੀਂ ਹੋਣਗੀਆਂ ਕਿ ਵਸਨੀਕਾਂ ਤੇ ਅਸਰ ਪਾਉਣ। ਗਰਮੀਆਂ ਵਿਚ ਇਹ ਬਿਲਕੁਲ ਚਾਲੂ ਨਹੀਂ ਕੀਤੀਆਂ ਜਾਣਗੀਆਂ, ਪਰ ਸਰਦੀਆਂ ਦੇ ਮਹੀਨਿਆਂ ਵਿਚ (ਅਕਤੂਬਰ ਤੋਂ ਮਾਰਚ ਤੱਕ) ਰੋਸ਼ਨੀ ਦੇ ਹੋਣ ਤੱਕ ਅਤੇ ਸ਼ਾਮ ਨੂੰ ਤਕਰੀਬਨ 8 ਵਜੇ ਤੱਕ (ਜਿਵੇਂ ਕਿ ਮੁਸਾਫ਼ਰੀ ਦੇ ਸਮੇਂ ਤੱਕ) ਇਹ ਲਾਈਟਾਂ ਚਾਲੂ ਰਹਿਣਗੀਆਂ। ਇਸ ਪ੍ਰਕਾਰ ਦੀ ਸਰਦੀਆਂ ਦੀ ਲਾਈਟ ਨਾਲ ਆਸ ਹੈ ਕਿ ਪੰਛੀ ਜੀਵਨ ਤੇ ਕੋਈ ਹਾਨੀਕਾਰਕ ਅਸਰ ਨਹੀਂ ਪਵੇਗਾ।

**ਪ੍ਰਸ਼ਨ: ਜੇਕਰ ਪੈਸੇ ਨਾ ਮਿਲੇ ਤਾਂ ਫ਼ਿਰ ਕੀ ਹੋਵੇਗਾ? ਬਹੁਤ ਸਾਰਾ ਕੰਮ ਪ੍ਰਸਤਾਵ ਵਿਚ ਹੈ, ਕੀ ਇਹ ਸਾਰਾ ਬੇਕਾਰ ਜਾਵੇਗਾ?**

ਜੇਕਰ ਸਾਨੂੰ ਪੈਸਾ ਨਾ ਮਿਲਿਆ, ਤਾਂ ਸ਼ੁਰੂ ਵਿਚ ਅਸੀਂ ਆਪਣੀ ਯੋਜਨਾ ਅਗਾਂਹ ਨਹੀਂ ਲੈ ਜਾ ਸਕਾਂਗੇ। ਫ਼ਿਰ ਵੀ ਇਸ ਵਿਚ ਕੀਤੇ ਗਏ ਕੰਮ, ਪਾਰਕ ਲਈ ਸਾਡੇ ਇਰਾਦੇ ਵਿਖਾਉਂਦੇ ਹਨ ਅਤੇ ਜਦ ਕਿ ਲਘੂ ਕਾਲ ਵਿਚ ਸਕੀਮ ਦੇ ਕੁਝ ਪੱਖ ਹੀ ਕੀਤੇ ਜਾ ਸਕਦੇ ਹਨ, ਲੰਬੇ ਅਰਸੇ ਵਿਚ ਅਸੀਂ ਫ਼ੰਡਿਗ ਦੇ ਦੂਜੇ ਰਸਤੇ ਦੇਖ ਸਕਦੇ ਹਾਂ। ਅਸੀਂ ਪਾਰਕ ਦੀ ਰੂਪਰੇਖਾ/ਚਿਤੱਰ ਅਤੇ ਇਸ ਵਿਚ ਉਠੱਣ ਵਾਲੇ ਮਸਲਿਆਂ ਨੂੰ ਉਲੀਕਿਆ ਹੈ। ਜੇਕਰ ਅਸੀਂ ਹੋਰ ਫ਼ੰਡਿਗ ਵਾਸਤੇ ਜਾਈਏ ਤਾਂ ਇਸ ਨਾਲ ਸਾਡੀ ਮਦਦ ਹੋ ਸਕਦੀ ਹੈ, ਕਿਉਂਕਿ ਸਾਡੇ ਕੋਲ ਲੋਕਾਂ ਦਾ

ਸਮਰਥਨ ਜ਼ਾਹਿਰ ਕਰਨ ਦੇ ਕਈ ਸਬੂਤ ਹਨ। ਸਾਡੇ ਕੋਲ ਪਾਰਕ ਦੇ ਰਸਤਿਆਂ ਵਿਚ ਸੁਧਾਰ ਬਾਰੇ ਕਈ ਹੋਰ ਸੁਝਾਵ ਆਏ ਹਨ, ਜਿਨ੍ਹਾਂ ਨੂੰ ਅਸੀਂ ਇਕ ਅਲਗ ਮਸਲੇ ਦੇ ਰੂਪ ਵਿਚ ਜ਼ਾਰੀ ਰੱਖ ਰਹੇ ਹਾਂ।